# ਬੱਚਿਆਂ ਲਈ ਬਾਈਬਲ

ਉਪੱਸਥਿਤ

# ਦਾਨੀਏਲ ਅਤੇ ਰਹੱਸਮਯ ਸੁਫਨਾਂ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Mary-Anne S.


ਕਹਾਣੀ 32 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ਼ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਬਾਦਸ਼ਾਹ ਨੇਂ ਸੁਫਨਾਂ ਵੇਖਿਆ ਅਤੇ ਉਸ ਸੁਫਨੇਂ ਨੇਂ ਉਸਨੂੰ ਬਹੁਤ ਪਰੇਸ਼ਾਨ ਕੀਤਾ। ਪਰਮੇਸ਼ਵਰ ਦੀ ਸਾਮਰਥ ਨਾਲ ਦਾਨੀਏਲ ਬਾਦਸ਼ਾਹ ਨੂੰ ਸੁਫਨੇਂ ਦਾ ਭੇਤ ਦੱਸ ਸਕਿਆ।



1

ਪਹਿਲੀ ਗੱਲ ਦਾਨੀਏਲ ਨੇਂ ਸੁਫਨੇਂ ਨੂੰ ਉਸੇ ਤਰ੍ਹਾਂ ਵਿਸਥਾਰ ਵਿੱਚ ਦੱਸਿਆ, ਹੇ ਬਾਦਸ਼ਾਹ, ਤੁਸੀ ਇੱਕ ਮਹਾਨ ਸੂਰਤ ਦੀ ਵੱਡੀ ਮੂਰਤ ਦੇਖੀ। ਉਹ ਦਾ ਰੂਪ ਭਿਆਨਕ ਸੀਂ।



2

“ਉਸ ਮੂਰਤ ਦਾ ਸਿਰ ਸੋਨੇ ਦਾ ਸੀਂ,” ਦਾਨੀਏਲ ਬੋਲਦਾ ਗਿਆ।



3

“ਉਸ ਦੀ ਹਿੱਕ ਅਤੇ ਬਾਹਾਂ ਚਾਂਦੀ ਦੀਆ ਬਣੀਆਂ ਸਨ।”



4

“ਉਸ ਦਾ ਢਿੱਡ ਅਤੇ ਪੱਟ ਪਿੱਤਲ ਦੇ ਬਣੇ ਸਨ।”



5

ਉਸਦੀਆਂ ਲੱਤਾਂ ਲੋਹੇ ਦੀਆਂ, ਉਸਦੇ ਪੈਰ ਕੁਝ ਲੋਹੇ ਦੇ ਅਤੇ ਕੁਝ ਮਿੱਟੀ ਦੇ ਸਨ।



6

ਬਾਦਸ਼ਾਹ ਨੂੰ ਬੁੱਤ ਦੇ ਬਾਰੇ ਦੱਸਣ ਤੋਂ ਬਾਅਦ, ਦਾਨੀਏਲ ਨੇਂ ਉਸਨੂੰ ਬਾਕੀ ਦਾ ਸੁਫਨਾਂ ਦੱਸਿਆ।



7

ਦਾਨੀਏਲ ਨੇ ਬਾਦਸ਼ਾਹ ਨੂੰ ਦੱਸਿਆ, “ਤੁਸੀਂ ਇੱਥੋਂ ਤੱਕ ਵੇਖਿਆ ਭਈ ਇੱਕ ਪੱਥਰ ਬਿਨਾਂ ਹੱਥ ਲਾਏ ਵੱਡ ਕੇ ਕੱਢਿਆ ਗਿਆ।”



8


ਪੱਥਰ ਨੇਂ ਉਸ ਮੂਰਤ ਨੂੰ ਉਹਦੇ
ਪੈਰਾਂ ਉੱਤੇ ਜਿਹੜੇ ਲੋਹੇ ਦੇ ਅਤੇ
ਮਿੱਟੀ ਦੇ ਸਨ ਮਾਰਿਆ ਅਤੇ
ਉਹ ਨੂੰ ਟੋਟੇ ਟੋਟੇ ਕਰ ਦਿੱਤਾ।
9


“ਤਦ ਮੂਰਤ ਮਿੱਟੀ ਵਾਂਗੂੰ ਢਹਿ ਗਈ ਅਤੇ
ਉੱਡ ਗਈ।” ਦਾਨੀਏਲ ਰੁਕਿਆ। “ਉਹ
ਪੱਥਰ ਇੱਕ ਵੱਡਾ ਪਹਾੜ ਬਣ ਗਿਆ ਅਤੇ
ਸਾਰੀ ਧਰਤੀ ਨੂੰ ਭਰ ਦਿੱਤਾ।”
10


ਬਾਦਸ਼ਾਹ ਹੈਰਾਨ ਸੀਂ। ਉਹ ਇੱਕ ਦਮ ਉਵੇਂ ਹੀ ਸੀ ਜਿਵੇਂ ਉਸਨੇ ਵੇਖਿਆ
ਸੀਂ। ਦਾਨੀਏਲ ਉਹ ਕਿਵੇਂ ਜਾਣਦਾ ਸੀਂ? ਕਿਉਂਕਿ ਸਿਰਫ਼ ਪਰਮੇਸ਼ਵਰ ਨੇਂ
ਉਸਨੂੰ ਦੱਸਿਆ ਸੀਂ। ਤਦ ਦਾਨੀਏਲ ਨੇ ਬਾਦਸ਼ਾਹ ਨਬੂਕਦਨੇਸਰ ਨੂੰ
ਉਸਦਾ ਅਰਥ ਦੱਸਣਾ ਸ਼ੁਰੂ ਕੀਤਾ।
11


ਦਾਨੀਏਲ ਨੇ ਬਾਦਸ਼ਾਹ
ਨੂੰ ਦੱਸਿਆ, “ਆਕਾਸ਼
ਦੇ ਪਰਮੇਸ਼ਵਰ ਨੇ ਤੁਹਾਨੂੰ
ਰਾਜ, ਸ਼ਕਤੀ, ਤਾਕਤ
ਅਤੇ ਤੇਜ ਦਿੱਤਾ। ਉਹ
ਸੋਨੇ ਦਾ ਸਿਰ
ਤੁਸੀਂ ਹੀ
ਹੋ।”
12


ਦਾਨੀਏਲ ਨੇ ਬਾਦਸ਼ਾਹ ਨੂੰ
ਦੱਸਿਆ ਕੀ ਤੇਰੇ ਸੋਨੇ ਦੀ
ਬਾਦਸ਼ਾਹਤ ਦਾ ਅੰਤ ਹੋਵੇਗਾ।
ਮੂਰਤ ਦੇ ਚਾਂਦੀ ਦੇ ਹਿੱਸੇ
ਦਾ ਅਰਥ ਹੈ ਕੀ
ਕਮਜ਼ੋਰ ਬਾਦਸ਼ਾਹ
ਉਸਦੀ ਜਗ੍ਹਾ ਲੈ
ਲਵੇਗਾ। ਪਿੱਤਲ
ਤੋਂ ਅਰਥ ਇੱਕ
ਹੋਰ ਬਾਦਸ਼ਾਹ।
ਲੋਹਾ ਅਤੇ ਮਿੱਟੀ
ਚੋਥੀ ਬਾਦਸ਼ਾਹਤ
ਲਈ ਖੜੇ ਹਨ।
ਪਾਤਸ਼ਾਹੀ ਪਹਿਲੀ
ਪਾਤਸ਼ਾਹੀ ਦੂਜੀ
ਪਾਤਸ਼ਾਹੀ ਤੀਸਰੀ
ਪਾਤਸ਼ਾਹੀ ਚੋਥੀ
13


ਆਖਰੀ ਗੱਲ ਜੋ ਦਾਨੀਏਲ ਨੇ ਬਾਦਸ਼ਾਹ ਨੂੰ ਦੱਸੀ ਉਹ ਇਹ ਸੀਂ, ਸਵਰਗ
ਦਾ ਪਰਮੇਸ਼ਵਰ ਇੱਕ ਰਾਜ ਖੜ੍ਹਾ
ਕਰੇਗਾ ਜਿਹੜਾ ਸਦਾ
ਤੀਕ ਨੇਸਤ ਨਾਂ
ਹੋਵੇਗਾ।
14













ਦਾਨੀਏਲ ਅਤੇ ਰਹੱਸਮਯ ਸੁਫਨਾਂ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਦਾਨੀਏਲ ਦੀ ਕਿਤਾਬ 2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।